# ਤਬਾਹੀ ਸਹਾਇਤਾ

## ਗੈਰ-ਬੀਮਾਕ੍ਰਿਤ ਫਸਲ ਤਬਾਹੀ ਸਹਾਇਤਾ ਪ੍ਰੋਗਰਾਮ

### ਸੰਖੇਪ

U.S. ਖੇਤੀਬਾੜੀ ਵਿਭਾਗ (USDA) ਫਾਰਮ ਸਰਵਿਸ ਏਜੰਸੀ (FSA) ਦੁਆਰਾ ਪ੍ਰਬੰਧਿਤ ਗੈਰ-ਬੀਮਾਕ੍ਰਿਤ ਫਸਲ ਤਬਾਹੀ ਸਹਾਇਤਾ ਪ੍ਰੋਗਰਾਮ (NAP), ਗ਼ੈਰ-ਬੀਮਾਯੋਗ ਫਸਲਾਂ ਦੇ ਉਤਪਾਦਕਾਂ ਨੂੰ ਕੁਦਰਤੀ ਤਬਾਹੀਆਂ, ਜਿਨ੍ਹਾਂ ਦੇ ਨਤੀਜੇ ਵਜੋਂ ਘੱਟ ਪੈਦਾਵਾਰ ਹੁੰਦੀ ਹੈ ਜਾਂ ਫਸਲਾਂ ਦਾ ਨੁਕਸਾਨ ਹੁੰਦਾ ਹੈ ਜਾਂ ਜੋ ਫਸਲਾਂ ਦੀ ਬਿਜਾਈ ਤੋਂ ਰੋਕਦੀਆਂ ਹਨ, ਤੋਂ ਬਚਾਉਣ ਲਈ ਵਿੱਤੀ ਸਹਾਇਤਾ ਪ੍ਰਦਾਨ ਕਰਦਾ ਹੈ।

### ਕੌਣ ਯੋਗ ਹੈ?

### ਯੋਗ ਉਤਪਾਦਕ

ਇੱਕ ਯੋਗ ਉਤਪਾਦਕ ਜਮੀਨ ਦਾ ਇੱਕ ਮਾਲਕ, ਕਿਰਾਏਦਾਰ ਜਾਂ ਫਸਲ ਦਾ ਹਿੱਸੇਦਾਰ ਹੈ ਜੋ ਕਿਸੇ ਯੋਗ ਫਸਲ ਨੂੰ ਪੈਦਾ ਕਰਨ ਦੇ ਜੋਖਮ ਵਿੱਚ ਹਿੱਸਾ ਸਾਂਝਾ ਕਰਦਾ ਹੈ ਅਤੇ ਉਸ ਫਸਲ ਦੇ ਮਾਲਕੀ ਹਿੱਸੇ ਦਾ ਹੱਕਦਾਰ ਹੁੰਦਾ ਹੈ। ਕਿਸੇ ਵਿਅਕਤੀ ਜਾਂ ਇਕਾਈ ਦੀ ਔਸਤ ਸਮਾਯੋਜਿਤ ਕੁੱਲ ਆਮਦਨ (AGI), NAP ਭੁਗਤਾਨਾਂ ਲਈ ਯੋਗ ਹੋਣ ਲਈ $900,000 ਤੋਂ ਵੱਧ ਨਹੀਂ ਹੋ ਸਕਦੀ। ਇਸ ਦੇ ਨਾਲ ਹੀ, ਸਿੱਧੇ ਜਾਂ ਅਸਿੱਧੇ ਤੌਰ 'ਤੇ ਪ੍ਰਾਪਤ ਕੀਤੇ NAP ਭੁਗਤਾਨਾਂ ਨੂੰ ਲਾਗੂ ਵਿਅਕਤੀ ਜਾਂ ਇਕਾਈ ਲਈ ਜ਼ਿੰਮੇਵਾਰ ਠਹਿਰਾਇਆ ਜਾਵੇਗਾ ਅਤੇ ਬੁਨਿਆਦੀ (ਵਿਨਾਸ਼ਕਾਰੀ) ਕਵਰੇਜ ਵਾਲੀਆਂ ਫਸਲਾਂ ਲਈ ਪ੍ਰਤੀ ਵਿਅਕਤੀ ਜਾਂ ਇਕਾਈ ਲਈ ਪ੍ਰਤੀ ਫਸਲੀ ਸਾਲ $125,000 ਤੱਕ ਸੀਮਿਤ ਕੀਤਾ ਜਾਵੇਗਾ। ਵਧੀਕ (ਖਰੀਦੋ-ਫਰੋਖ਼ਤ) ਕਵਰੇਜ ਵਾਲੀਆਂ ਫਸਲਾਂ ਲਈ ਸਿੱਧੇ ਜਾਂ ਅਸਿੱਧੇ ਤੌਰ 'ਤੇ ਪ੍ਰਾਪਤ ਕੀਤੇ ਗਏ ਕਿਸੇ ਵੀ NAP ਭੁਗਤਾਨਾਂ ਨੂੰ ਲਾਗੂ ਵਿਅਕਤੀ ਜਾਂ ਇਕਾਈ ਲਈ ਜ਼ਿੰਮੇਵਾਰ ਠਹਿਰਾਇਆ ਜਾਵੇਗਾ ਅਤੇ ਪ੍ਰਤੀ ਵਿਅਕਤੀ ਜਾਂ ਇਕਾਈ ਲਈ ਪ੍ਰਤੀ ਫਸਲੀ ਸਾਲ $300,000 ਤੱਕ ਸੀਮਿਤ ਕੀਤਾ ਜਾਵੇਗਾ। (ਵਾਧੂ ਜਾਣਨ ਲਈ, **fsa.usda.gov/limits** ਤੇ ਜਾਓ।)

### ਯੋਗ ਫਸਲਾਂ

ਯੋਗ ਫਸਲਾਂ ਵਪਾਰਕ ਤੌਰ ਤੇ ਤਿਆਰ ਉਤਪਾਦਿਤ ਕੀਤੀਆਂ ਜਾਣ ਵਾਲੀਆਂ ਖੇਤੀਬਾੜੀ ਦੀਆਂ ਜਿੰਸਾਂ ਹੋਣੀਆਂ ਚਾਹੀਦੀਆਂ ਹਨ ਜਿਸ ਲਈ ਫਸਲਾਂ ਦਾ ਬੀਮਾ ਉਪਲੱਬਧ ਨਹੀਂ ਹੈ ਅਤੇ ਹੇਠ ਲਿਖਿਆਂ ਵਿਚੋਂ ਕੋਈ ਵੀ ਹੋ ਸਕਦੀਆਂ ਹਨ:

- ਭੋਜਨ ਲਈ ਉਗਾਈਆਂ ਗਈਆਂ ਫਸਲਾਂ;
- ਪਸ਼ੂਆਂ ਦੀ ਖਪਤ ਲਈ ਲਗਾਈਆਂ ਅਤੇ ਉਗਾਈਆਂ ਗਈਆਂ ਫਸਲਾਂ, ਜਿਵੇਂ ਕਿ ਦੇਸੀ ਚਾਰੇ ਸਮੇਤ ਦਾਣੇ ਅਤੇ ਚਾਰੇ ਵਾਲੀਆਂ ਫਸਲਾਂ; ਰੇਸ਼ੇ, ਜਿਵੇਂ ਕਿ ਕਪਾਹ ਅਤੇ ਸਣ (ਦਰੱਖ਼ਤਾਂ ਨੂੰ ਛੱਡ ਕੇ) ਲਈ ਉਗਾਈਆਂ ਗਈਆਂ ਫਸਲਾਂ;
- ਕਿਸੇ ਨਿਯੰਤ੍ਰਿਤ ਵਾਤਾਵਰਣ ਵਿੱਚ ਉਗਾਈਆਂ ਗਈਆਂ ਫਸਲਾਂ, ਜਿਵੇਂ ਕਿ ਮਸ਼ਰੂਮ ਅਤੇ ਫੁੱਲਾਂ ਦੀ ਖੇਤੀ;
- ਵਿਸ਼ੇਸ਼ ਫਸਲਾਂ, ਜਿਵੇਂ ਕਿ ਸ਼ਹਿਦ ਅਤੇ ਮੈਪਲ ਦਾ ਰਸ;
- ਸਮੁੰਦਰੀ ਜਵੀ (ਓਟਸ) ਅਤੇ ਸਮੁੰਦਰੀ ਘਾਹ;
- ਮਿੱਠਾ ਜਵਾਰ (ਸੋਰਗਮ) ਅਤੇ ਬਾਇਓਮਾਸ ਜਵਾਰ;
- ਨਿਰਮਾਣ ਵਿੱਚ ਵਰਤੀਆਂ ਜਾਂਦੀਆਂ ਜਾਂ ਨਵਿਆਉਣਯੋਗ ਜੈਵ-ਬਾਲਣ, ਨਵਿਆਉਣਯੋਗ ਬਿਜਲੀ ਜਾਂ ਜੈਵ-ਅਧਾਰਿਤ ਉਤਪਾਦਾਂ ਲਈ ਫੀਡਸਟਾਕ ਵਜੋਂ ਉਗਾਈਆਂ ਗਈਆਂ ਫਸਲਾਂ ਸਮੇਤ ਉਦਯੋਗਿਕ ਫਸਲਾਂ;
- ਮੁੱਲ ਘਾਟੇ ਵਾਲੀਆਂ ਫਸਲਾਂ, ਜਿਵੇਂ ਕਿ ਪਾਣੀ ਵਿੱਚ ਪਾਲੇ ਜਾਂਦੇ ਜੀਵ, ਕ੍ਰਿਸਮਸ ਦੇ ਦਰੱਖ਼ਤ, ਜੀਨਸੈਂਗ, ਸਜਾਵਟੀ ਨਰਸਰੀ ਅਤੇ ਟੱਰਫ਼-ਗ੍ਰਾਸ ਸੋਡ; ਅਤੇ
- ਬੀਜ ਵਾਲੀਆਂ ਫਸਲਾਂ ਜਿਥੇ ਪ੍ਰਸਾਰ ਸਟਾਕ ਹੋਰ ਯੋਗ NAP ਫਸਲਾਂ ਦੇ ਉਤਪਾਦਨ ਲਈ ਬੀਜ ਸਟਾਕ ਦੇ ਤੌਰ ਤੇ ਵੇਚਣ ਲਈ ਉਤਪਾਦਿਤ ਕੀਤਾ ਜਾਂਦਾ ਹੈ।



ਉਤਪਾਦਕਾਂ ਨੂੰ ਆਪਣੀ ਕਾਉਂਟੀ ਵਿੱਚ ਕਿਸੇ ਫਸਲ ਦੇ ਬੀਮਾਯੋਗਤਾ ਸਬੰਧੀ ਸਵਾਲਾਂ ਲਈ ਕਿਸੇ ਫਸਲ ਬੀਮਾ ਏਜੰਟ ਨਾਲ ਸੰਪਰਕ ਕਰਨਾ ਚਾਹੀਦਾ ਹੈ। ਇਸ ਬਾਰੇ ਵਧੇਰੇ ਜਾਣਕਾਰੀ ਲਈ ਕਿ ਕੀ ਕੋਈ ਫਸਲ NAP ਕਵਰੇਜ ਲਈ ਯੋਗ ਹੈ, ਉਤਪਾਦਕਾਂ ਨੂੰ FSA ਕਾਉਂਟੀ ਦੇ ਦਫਤਰ ਨਾਲ ਸੰਪਰਕ ਕਰਨਾ ਚਾਹੀਦਾ ਹੈ ਜਿਥੇ ਉਨ੍ਹਾਂ ਦੇ ਫਾਰਮ ਦੇ ਰਿਕਾਰਡ ਰੱਖੇ ਜਾਂਦੇ ਹਨ।

### ਯੋਗ ਕੀ ਹੈ?

### ਨੁਕਸਾਨ ਦੇ ਯੋਗ ਕਾਰਨ

ਨੁਕਸਾਨ ਦੇ ਯੋਗ ਕਾਰਨਾਂ ਵਿੱਚ ਹੇਠ ਲਿਖੀਆਂ ਕੁਦਰਤੀ ਤਬਾਹੀਆਂ ਸ਼ਾਮਲ ਹਨ:

- ਨੁਕਸਾਨ ਵਾਲਾ ਮੌਸਮ, ਜਿਵੇਂ ਕਿ ਸੋਕਾ, ਠੰਡ ਨਾਲ ਜੰਮ ਜਾਣਾ, ਗੜੇ, ਬਹੁਤ ਜ਼ਿਆਦਾ ਨਮੀ, ਬਹੁਤ ਜ਼ਿਆਦਾ ਹਵਾ ਜਾਂ ਤੂਫਾਨ;
- ਪ੍ਰਤੀਕੂਲ ਕੁਦਰਤੀ ਘਟਨਾਵਾਂ, ਜਿਵੇਂ ਕਿ ਭੁਚਾਲ ਜਾਂ ਹੜ; ਅਤੇ
- ਨੁਕਸਾਨਦੇਹ ਮੌਸਮ ਜਾਂ ਪ੍ਰਤੀਕੂਲ ਕੁਦਰਤੀ ਘਟਨਾਵਾਂ, ਜਿਵੇਂ ਕਿ ਬਹੁਤ ਜ਼ਿਆਦਾ ਗਰਮੀ, ਪੌਦਿਆਂ ਨੂੰ ਬਿਮਾਰੀ ਲੱਗਣਾ, ਜਵਾਲਾਮੁੱਖੀ ਦਾ ਧੂਆਂ/ਕੋਹਰਾ (VOG) ਜਾਂ ਕੀੜਿਆਂ- ਦੀ ਲਾਗ।

ਨੁਕਸਾਨ ਪਹੁੰਚਾਉਣ ਵਾਲਾ ਮੌਸਮ ਜਾਂ ਪ੍ਰਤੀਕੂਲ ਕੁਦਰਤੀ ਘਟਨਾ ਲਾਜ਼ਮੀ ਤੌਰ ਤੇ, ਪੈਦਾਵਾਰ ਤੋਂ ਪਹਿਲਾਂ ਜਾਂ ਉਸ ਦੌਰਾਨ, ਕਵਰੇਜ ਦੀ ਮਿਆਦ ਦੌਰਾਨ ਵਾਪਰਨੀ ਚਾਹੀਦੀ ਹੈ ਅਤੇ ਉਸ ਨੂੰ ਲਾਜ਼ਮੀ ਤੌਰ ਤੇ ਸਿੱਧੇ ਯੋਗ ਫਸਲ ਨੂੰ ਪ੍ਰਭਾਵਿਤ ਕਰਨਾ ਚਾਹੀਦਾ ਹੈ।

## ਇਹ ਕਵਰੇਜ ਦੇ ਪੱਧਰਾਂ 'ਤੇ

## ਕਿਵੇਂ ਕੰਮ ਕਰਦਾ ਹੈ

NAP ਬੀਮਾ ਕਵਰੇਜ ਦੇ ਤਬਾਹਕਾਰੀ ਪੱਧਰ ਦੇ ਜੋਖਮ ਸੁਰੱਖਿਆ ਦੀ ਯੋਜਨਾ ਦੇ ਬਰਾਬਰ ਬੁਨਿਆਦੀ ਕਵਰੇਜ ਪ੍ਰਦਾਨ ਕਰਦਾ ਹੈ, ਜੋ ਘਾਟੇ ਦੀ ਉਸ ਮਾਤਰਾ 'ਤੇ ਅਧਾਰਤ ਹੈ ਜੋ ਫਸਲਾਂ ਦੀ ਬਜ਼ਾਰ ਕੀਮਤ ਦੇ 55 ਪ੍ਰਤੀਸ਼ਤ ਤੇ ਅਨੁਮਾਨਤ ਉਤਪਾਦਨ ਦੇ 50 ਪ੍ਰਤੀਸ਼ਤ ਤੋਂ ਵੱਧ ਹੁੰਦੀ ਹੈ। 2018 ਦਾ ਫਾਰਮ ਬਿਲ ਬਜ਼ਾਰ ਦੀ ਔਸਤ ਕੀਮਤ ਦੇ 100 ਪ੍ਰਤੀਸ਼ਤ ਤੇ, 5 ਪ੍ਰਤੀਸ਼ਤ ਦੇ ਵਾਧੇ ਵਿੱਚ, ਉਤਪਾਦਨ ਦੇ 50 ਤੋਂ 65 ਪ੍ਰਤੀਸ਼ਤ ਤੱਕ ਦੇ ਕਵਰੇਜ ਦੇ ਉੱਚ ਪੱਧਰਾਂ ਨੂੰ ਮੁੜ ਅਧਿਕਾਰਤ ਕਰਦਾ ਹੈ। ਵਧੀਕ (ਖਰੀਦਾਰੀ) ਕਵਰੇਜ ਉਤਪਾਦਕ ਦੁਆਰਾ ਅਰਜ਼ੀ ਜਮ੍ਹਾਂ ਕਰਵਾਉਣ ਦੀ ਆਖਰੀ ਤਾਰੀਖ ਤੱਕ ਲਾਜ਼ਮੀ ਤੌਰ ਤੇ ਚੁਣ ਲੈਣੀ ਚਾਹੀਦੀ ਹੈ। ਉਤਪਾਦਕ ਜੋ ਵਧੀਕ ਕਵਰੇਜ ਨੂੰ ਚੁਣਦੇ ਹਨ ਉਹਨਾਂ ਨੂੰ ਸੇਵਾ ਫੀਸ ਤੋਂ ਇਲਾਵਾ ਪ੍ਰੀਮੀਅਮ ਦਾ ਭੁਗਤਾਨ ਕਰਨਾ ਹੋਵੇਗਾ। ਚਾਰੇ ਲਈ ਉਗਾਈਆਂ ਜਾਣ ਵਾਲੀਆਂ ਫਸਲਾਂ ਵਾਧੂ ਕਵਰੇਜ ਲਈ ਯੋਗ ਨਹੀਂ ਹਨ।

## ਕਵਰੇਜ ਲਈ ਅਰਜ਼ੀ ਦੇਣੀ

ਯੋਗ ਉਤਪਾਦਕਾਂ ਨੂੰ ਫਾਰਮ CCC-471 "ਕਵਰੇਜ ਲਈ ਅਰਜ਼ੀ" ਦੀ ਵਰਤੋਂ ਕਰਦਿਆਂ ਹੋਏ ਕਵਰੇਜ ਲਈ ਅਰਜ਼ੀ ਦੇਣੀ ਚਾਹੀਦੀ ਹੈ ਅਤੇ ਉਸ FSA ਦਫ਼ਤਰ ਵਿਖੇ ਲਾਗੂ ਸੇਵਾ ਫੀਸ ਦਾ ਭੁਗਤਾਨ ਕਰਨਾ ਚਾਹੀਦਾ ਹੈ ਜਿਥੇ ਉਨ੍ਹਾਂ ਦੇ ਫਾਰਮ ਦੇ ਰਿਕਾਰਡ ਰੱਖੇ ਜਾਂਦੇ ਹਨ। ਅਰਜ਼ੀ ਅਤੇ ਸੇਵਾ ਫੀਸ ਅਰਜ਼ੀ ਜਮ੍ਹਾਂ ਕਰਵਾਉਣ ਦੀ ਆਖਰੀ ਤਾਰੀਖ ਤੱਕ ਲਾਜ਼ਮੀ ਤੌਰ ਤੇ ਜਮ੍ਹਾਂ ਕਰਵਾ ਦੇਣੀ ਚਾਹੀਦੀ ਹੈ। ਅਰਜ਼ੀ ਜਮ੍ਹਾਂ ਕਰਵਾਉਣ ਦੀਆਂ ਆਖਰੀ ਤਰੀਖਾਂ ਫਸਲਾਂ ਅਨੁਸਾਰ ਵੱਖਰੀਆਂ ਹੁੰਦੀਆਂ ਹਨ ਅਤੇ FSA ਸਟੇਟ ਕਮੇਟੀ ਦੁਆਰਾ ਇਹ ਤੈਅ ਕੀਤੀਆਂ ਜਾਂਦੀਆਂ ਹਨ। ਅਰਜ਼ੀ ਜਮ੍ਹਾਂ ਕਰਵਾਉਣ ਦੀਆਂ ਆਖਰੀ ਤਰੀਖਾਂ ਦੀਆਂ ਤਸਦੀਕ ਕਰਨ ਲਈ ਆਪਣੇ ਸਥਾਨਕ FSA ਦਫਤਰ ਨਾਲ ਸੰਪਰਕ ਕਰੋ। ਉਤਪਾਦਕ ਜੋ NAP ਕਵਰੇਜ ਲਈ ਅਰਜ਼ੀ ਦਿੰਦੇ ਹਨ, ਉਹ ਸਵੀਕਾਰਦੇ ਹਨ ਕਿ ਉਨ੍ਹਾਂ ਨੇ NAP ਦੇ ਬੁਨਿਆਦੀ ਪ੍ਰਬੰਧਾਂ ਨੂੰ ਪ੍ਰਾਪਤ ਕੀਤਾ ਹੈ, ਜੋ FSA ਕਾਉਂਟੀ ਦਫਤਰਾਂ ਅਤੇ **fsa.usda.gov/nap** ਤੇ ਉਪਲੱਬਧ ਹਨ।

## ਸਰਵਿਸ (ਸੇਵਾ) ਫੀਸ ਅਤੇ ਪ੍ਰੀਮੀਅਮ

ਕਵਰੇਜ ਦੇ ਸਾਰੇ ਪੱਧਰਾਂ ਲਈ, NAP ਸੇਵਾ ਫੀਸ ਪ੍ਰਤੀ ਫਸਲ $325 ਜਾਂ ਪ੍ਰਤੀ ਪ੍ਰਬੰਧਕੀ ਕਾਉਂਟੀ ਵਿੱਚ ਪ੍ਰਤੀ ਉਤਪਾਦਕ $825 ਤੋਂ ਘੱਟ ਹੈ, ਇਹ ਕਈ ਕਾਉਂਟੀਆਂ ਵਿੱਚ ਖੇਤੀਬਾੜੀ ਵਿੱਚ ਦਿਲਚਸਪੀ ਰੱਖਣ ਵਾਲੇ ਉਤਪਾਦਕ ਲਈ ਕੁੱਲ $1,950 ਤੋਂ ਵੱਧ ਨਹੀਂ ਹੋਣਾ ਚਾਹੀਦਾ।

ਉਤਪਾਦਕ ਜੋ ਕਵਰੇਜ ਦੇ ਉੱਚ ਪੱਧਰਾਂ ਦੀ ਚੋਣ ਕਰਦੇ ਹਨ ਉਨ੍ਹਾਂ ਨੂੰ ਹੇਠ ਦਿੱਤਿਆਂ ਦੇ ਬਰਾਬਰ ਦਾ ਪ੍ਰੀਮੀਅਮ ਦਾ ਭੁਗਤਾਨ ਵੀ ਕਰਨਾ ਹੋਵੇਗਾ:

- ਉਤਪਾਦਕ ਦਾ ਫਸਲ ਦਾ ਹਿੱਸਾ; ਗੁਣਾਂ
- ਫਸਲ ਨੂੰ ਸਮਰਪਿਤ ਏਕੜਾਂ ਦੀ ਸੰਖਿਆ; ਗੁਣਾਂ
- ਪ੍ਰਤੀ ਏਕੜ ਪ੍ਰਵਾਨਿਤ ਉਪਜ; ਗੁਣਾਂ
- ਕਵਰੇਜ ਪੱਧਰ; ਗੁਣਾਂ
- ਔਸਤ ਬਜ਼ਾਰ ਮੁੱਲ: ਗੁਣਾਂ
- 5.25 ਪ੍ਰਤੀਸ਼ਤ ਦੀ ਇੱਕ ਪ੍ਰੀਮੀਅਮ ਫੀਸ।

ਮੁੱਲ ਘਾਟੇ ਵਾਲੀਆਂ ਫਸਲਾਂ ਲਈ, ਪ੍ਰੀਮੀਅਮਾਂ ਦੀ ਗਣਨਾ ਉਤਪਾਦਕ ਦੁਆਰਾ CCC-471 ਫਾਰਮ, "ਕਵਰੇਜ ਲਈ ਅਰਜ਼ੀ"ਤੇ ਚੁਣੇ ਗਏ ਵੱਧ-ਤੋਂ-ਵੱਧ ਡਾਲਰ ਮੁੱਲ ਦੀ ਵਰਤੋਂ ਕਰਕੇ ਕੀਤੀ ਜਾਵੇਗੀ।

ਕਿਸੇ ਵਿਅਕਤੀ ਜਾਂ ਕਾਨੂੰਨੀ ਇਕਾਈ ਲਈ ਸਿਰਫ ਬੁਨਿਆਦੀ ਕਵਰੇਜ ਲਈ ਅਰਜ਼ੀ ਦੇਣ ਲਈ ਵੱਧ ਤੋਂ ਵੱਧ ਪ੍ਰੀਮੀਅਮ ਜੋ ਕਿ NAP ਦੁਆਰਾ ਕਵਰ ਕੀਤਾ ਉਤਪਾਦਕ ਹੈ, $15,750 (ਵੱਧ ਤੋਂ ਵੱਧ ਭੁਗਤਾਨ ਸਮੇਂ ਦੀ ਹੱਦ 5.25 ਪ੍ਰਤੀਸ਼ਤ ਪ੍ਰੀਮੀਅਮ ਫੀਸ) ਹੈ। ਜੇ NAP ਦੁਆਰਾ ਕਵਰ ਕੀਤਾ ਉਤਪਾਦਕ ਇੱਕ ਸੰਯੁਕਤ ਸੰਚਾਲਨ ਹੈ, ਤਾਂ ਵੱਧ ਤੋਂ ਵੱਧ ਪ੍ਰੀਮੀਅਮ ਸੰਯੁਕਤ ਸੰਚਾਲਨ ਵਿੱਚ ਸ਼ਾਮਲ



ਕਈ ਵਿਅਕਤੀਆਂ ਜਾਂ ਕਾਨੂੰਨੀ ਇਕਾਈਆਂ ਦੀ ਸੰਖਿਆ ਦੇ ਅਧਾਰ ਤੇ ਹੁੰਦਾ ਹੈ। ਸ਼ੁਰੂਆਤੀ, ਸੀਮਿਤ ਸਰੋਤ ਵਾਲਾ, ਸਮਾਜਿਕ ਤੌਰ ਤੇ ਵਾਂਝਾ ਅਤੇ ਯੋਗ ਅਨੁਭਵੀ (ਵੈਟਰਨ) ਕਿਸਾਨ ਜਾਂ ਪਸ਼ੂ ਪਾਲਕ ਜਦੋਂ ਉਹ CCC-860 ਫਾਰਮ, "ਸਮਾਜਿਕ ਤੌਰ 'ਤੇ ਵਾਂਝੇ, ਸੀਮਿਤ ਸਰੋਤ ਵਾਲਾ, ਅਨੁਭਵੀ (ਵੈਟਰਨ) ਜਾਂ ਸ਼ੁਰੂਆਤੀ ਕਿਸਾਨ ਜਾਂ ਪਸ਼ੂ ਪਾਲਕ ਦਾ ਪ੍ਰਮਾਣੀਕਰਨ" ਭਰਦੇ ਹਨ ਤਾਂ ਉਹ ਸੇਵਾ ਫੀਸ ਤੇ ਛੂਟ ਅਤੇ 50 ਪ੍ਰਤੀਸ਼ਤ ਪ੍ਰੀਮੀਅਮ ਦੀ ਕਟੌਤੀ ਲਈ ਯੋਗ ਹੁੰਦੇ ਹਨ। ਸੇਵਾ ਫੀਸ ਛੂਟ ਜਾਂ ਪ੍ਰੀਮੀਅਮ ਵਿੱਚ ਕਟੌਤੀ ਲਈ ਯੋਗ ਹੋਣ ਲਈ, NAP ਦੁਆਰਾ ਕਵਰ ਕੀਤੇ ਉਤਪਾਦਕਾਂ ਨੂੰ ਹੇਠ ਲਿਖਿਆਂ ਵਿਚੋਂ ਕਿਸੇ ਇੱਕ ਦੇ ਯੋਗ ਹੋਣਾ ਚਾਹੀਦਾ ਹੈ:

**ਸ਼ੁਰੂਆਤੀ ਕਿਸਾਨ ਜਾਂ ਪਸ਼ੂ ਪਾਲਕ** – ਕੋਈ ਵਿਅਕਤੀ ਜਾਂ ਕਾਨੂੰਨੀ ਇਕਾਈ ਜਿਸ ਨੇ:

- 10 ਸਾਲਾਂ ਤੋਂ ਵੱਧ ਸਮੇਂ ਲਈ ਕੋਈ ਖੇਤ ਜਾਂ ਪਸ਼ੂ-ਸ਼ਾਲਾ ਸੰਚਾਲਿਤ ਨਹੀਂ ਕੀਤੀ; ਅਤੇ
- ਸੰਚਾਲਨ ਵਿੱਚ ਭੌਤਿਕ ਤੌਰ ਤੇ ਅਤੇ ਮਹੱਤਵਪੂਰਣ ਰੂਪ ਵਿੱਚ ਹਿੱਸਾ ਨਹੀਂ ਲਿਆ ਹੈ।

ਕਾਨੂੰਨੀ ਇਕਾਈਆਂ ਨੂੰ ਇੱਕ ਸ਼ੁਰੂਆਤੀ ਕਿਸਾਨ ਵਜੋਂ ਵਿਚਾਰੇ ਜਾਣ ਲਈ, ਸਾਰੇ ਮੈਂਬਰਾਂ ਦਾ ਸਬੰਧ ਖੂਨ ਜਾਂ ਵਿਆਹ ਦੁਆਰਾ ਹੋਣਾ ਚਾਹੀਦਾ ਹੈ ਅਤੇ ਸਾਰੇ ਮੈਂਬਰ ਲਾਜ਼ਮੀ ਤੌਰ 'ਤੇ ਕਿਸਾਨ ਜਾਂ ਪਸ਼ੂ ਪਾਲਕ ਹੋਣੇ ਚਾਹੀਦੇ ਹਨ।

**ਸੀਮਿਤ ਸਰੋਤ ਕਿਸਾਨ ਜਾਂ ਪਸ਼ੂ ਪਾਲਕ** – ਇੱਕ ਵਿਅਕਤੀ ਜਾਂ ਕਾਨੂੰਨੀ ਇਕਾਈ ਜੋ:

- ਪ੍ਰੋਗਰਾਮ ਸਾਲ ਤੋਂ ਪਹਿਲਾਂ ਦੇ ਪੂਰੇ ਟੈਕਸ ਯੋਗ ਸਾਲ ਤੋਂ ਪਹਿਲਾਂ ਦੇ ਹਰੇਕ ਦੋ ਕੈਲੰਡਰ ਸਾਲਾਂ ਵਿੱਚ $177,300 (ਵਿੱਤੀ ਸਾਲ 2019 ਲਈ) ਤੋਂ ਵੱਧ ਨਹੀਂ ਕਮਾਉਂਦਾ, ਜੋ ਮੁਦਰਾਸਫਿਤੀ ਲਈ ਬਾਅਦ ਦੇ ਸਾਲਾਂ ਵਿੱਚ ਉੱਪਰ ਵੱਲ ਨੂੰ ਸਮਾਯੋਜਿਤ (ਅਡਜੱਸਟ) ਕੀਤੀ ਜਾਣੀ ਹੈ; ਅਤੇ
- ਦੋਨੋਂ ਪਿਛਲੇ ਦੋ ਸਾਲਾਂ ਲਈ ਚਾਰ ਸਦੱਸਾਂ ਦੇ ਪਰਿਵਾਰ ਲਈ ਕੁੱਲ ਪਰਿਵਾਰਕ ਆਮਦਨ ਰਾਸ਼ਟਰੀ ਗਰੀਬੀ ਦੇ ਪੱਧਰ 'ਤੇ ਹੈ ਜਾਂ ਉਸ ਤੋਂ ਘੱਟ ਹੈ ਜਾਂ ਕਾਉਂਟੀ ਦੀ ਔਸਤ ਘਰੇਲੂ ਆਮਦਨੀ ਦੇ 50 ਪ੍ਰਤੀਸ਼ਤ ਤੋਂ ਘੱਟ ਹੈ।

ਸੀਮਿਤ ਸਰੋਤ ਉਤਪਾਦਕ ਦੀ ਸਥਿਤੀ **https://lrftool.sc.egov.usda.gov/Determination Tool.aspx?fyYear=2019** ਤੇ ਸਥਿਤ USDA ਸੀਮਿਤ ਸਰੋਤ ਕਿਸਾਨ ਅਤੇ ਪਸ਼ੂ ਪਾਲਕ ਆਨਲਾਈਨ ਸਵੈ ਨਿਰਧਾਰਣ ਟੂਲ ਦੀ ਵਰਤੋਂ ਨਾਲ ਨਿਰਧਾਰਤ ਕੀਤੀ ਜਾ ਸਕਦੀ ਹੈ। ਸਵੈਚਾਲਤ ਪ੍ਰਣਾਲੀ ਪ੍ਰਤੀ ਸਾਲ ਖੇਤ ਦੀ ਸਮਾਯੋਜਿਤ ਕੁੱਲ ਵਿਕਰੀ ਦੀ ਅਤੇ ਰਾਸ਼ਟਰੀ ਗਰੀਬੀ ਪੱਧਰ ਜਾਂ ਕਾਉਂਟੀ ਦੀ ਔਸਤ ਘਰੇਲੂ ਆਮਦਨੀ ਵਿਚੋਂ ਵੱਧ ਦੀ ਗਣਨਾ ਕਰਦੀ ਹੈ ਅਤੇ ਉਸ ਨੂੰ ਪ੍ਰਦਰਸ਼ਿਤ ਕਰਦੀ ਹੈ।

ਉਨ੍ਹਾਂ ਕਾਨੂੰਨੀ ਇਕਾਈਆਂ ਲਈ ਜੋ ਸੀਮਿਤ ਸਰੋਤ ਕਿਸਾਨ ਜਾਂ ਪਸ਼ੂ ਪਾਲਕ ਮੰਨੇ ਜਾਣ ਦੀ ਬੇਨਤੀ ਕਰ ਰਹੇ ਹਨ ਕਿ, ਉਨ੍ਹਾਂ ਸਾਰੇ ਮੈਂਬਰਾਂ ਲਈ ਕੁੱਲ ਵਿਕਰੀ ਅਤੇ ਪਰਿਵਾਰਕ ਆਮਦਨ ਦੇ ਜੋੜ ਤੇ ਲਾਜ਼ਮੀ ਤੌਰ ਤੇ ਵਿਚਾਰਿਆ ਜਾਣਾ ਚਾਹੀਦਾ ਹੈ।

**ਸਮਾਜਿਕ ਤੌਰ ਤੇ ਵਾਂਝੇ ਕਿਸਾਨ ਜਾਂ ਪਸ਼ੂ ਪਾਲਕ** – ਇੱਕ ਅਜਿਹਾ ਕਿਸਾਨ ਜਾਂ ਪਸ਼ੂ ਪਾਲਕ ਜੋ ਕਿਸੇ ਅਜਿਹੇ ਸਮੂਹ ਦਾ ਮੈਂਬਰ ਹੈ ਜਿਸ ਦੇ ਮੈਂਬਰ ਉਨ੍ਹਾਂ ਦੇ ਵਿਅਕਤੀਗਤ ਗੁਣਾਂ ਦੀ ਪਰਵਾਹ ਕੀਤੇ ਬਿਨਾਂ ਕਿਸੇ ਸਮੂਹ ਦੇ ਮੈਂਬਰ ਹੋਣ ਕਾਰਨ ਆਪਣੀ ਪਛਾਣ ਦੇ ਕਾਰਨ ਜਾਤੀਗਤ, ਨਸਲੀ ਜਾਂ ਲੈਂਗਿਕ ਪੱਖਪਾਤ ਦਾ ਸ਼ਿਕਾਰ ਹੋਏ ਹਨ। ਇਨ੍ਹਾਂ ਸਮੂਹਾਂ ਵਿੱਚ ਸ਼ਾਮਲ ਹਨ:

- ਅਮਰੀਕੀ ਭਾਰਤੀ ਜਾਂ ਅਲਾਸਕਾ ਦੇ ਮੂਲ ਨਿਵਾਸੀ;
- ਏਸ਼ੀਅਨ ਜਾਂ ਏਸ਼ੀਆਈ-ਅਮਰੀਕੀ;
- ਕਾਲੇ ਜਾਂ ਅਫਰੀਕੀ-ਅਮਰੀਕੀ;
- ਹਵਾਈ ਜਾਂ ਹੋਰ ਪੈਸੀਫਿਕ ਟਾਪੂਆਂ ਦੇ ਮੂਲ ਨਿਵਾਸੀ;
- ਹਿਸਪੈਨਿਕਸ; ਅਤੇ
- ਔਰਤਾਂ।

ਕਾਨੂੰਨੀ ਇਕਾਈਆਂ ਨੂੰ ਸਮਾਜਿਕ ਤੌਰ ਤੇ ਵਾਂਝੇ ਸਮਝੇ ਜਾਣ ਲਈ, ਬਹੁਮਤ ਦਾ ਹਿੱਤ ਲਾਜ਼ਮੀ ਤੌਰ ਤੇ ਸਮਾਜਿਕ ਤੌਰ ਤੇ ਵਾਂਝੇ ਵਿਅਕਤੀਆਂ ਕੋਲ ਹੋਣਾ ਚਾਹੀਦਾ ਹੈ।

**ਅਨੁਭਵੀ (ਵੈਟਰਨ) ਕਿਸਾਨ ਜਾਂ ਪਸ਼ੂ ਪਾਲਕ** – ਕੋਈ ਕਿਸਾਨ ਜਾਂ ਪਸ਼ੂ ਪਾਲਕ ਜਿਸ ਨੇ ਆਰਮਡ ਫੋਰਸਿਜ਼ (ਸੁਰੱਖਿਆ ਬਲ) ਵਿੱਚ ਸੇਵਾ ਕੀਤੀ ਹੈ (ਜਿਵੇਂ 38 U.S.C. 101 ਵਿੱਚ ਪ੍ਰਭਾਸ਼ਿਤ ਕੀਤਾ ਗਿਆ ਹੈ) ਅਤੇ ਜਿਸਨੇ:

- 10 ਸਾਲਾਂ ਤੋਂ ਘੱਟ ਸਮੇਂ ਲਈ ਕਿਸੇ ਖੇਤ ਜਾਂ ਪਸ਼ੂ-ਸ਼ਾਲਾ ਦਾ ਸੰਚਾਲਨ ਕੀਤਾ ਹੈ; ਜਾਂ
- ਸਭ ਤੋਂ ਹਾਲੀਆ 10 ਸਾਲਾਂ ਦੀ ਮਿਆਦ ਦੇ ਦੌਰਾਨ ਪਹਿਲਾਂ ਇੱਕ ਅਨੁਭਵੀ (ਵੈਟਰਨ) ਦੇ ਤੌਰ ਤੇ ਸਥਿਤੀ ਪ੍ਰਾਪਤ ਕੀਤੀ।

## ਕਵਰੇਜ ਦੀ ਮਿਆਦ

NAP ਲਈ ਕਵਰੇਜ ਦੀ ਮਿਆਦ ਫਸਲਾਂ ਦੇ ਅਧਾਰ ਤੇ ਵੱਖਰੀ ਹੁੰਦੀ ਹੈ। ਸਾਲਾਨਾ ਫਸਲ ਲਈ ਕਵਰੇਜ ਦੀ ਮਿਆਦ ਹੇਠ ਦਿੱਤਿਆਂ ਤੋਂ ਬਾਅਦ ਵਾਲੇ ਤੋਂ ਸ਼ੁਰੂ ਹੁੰਦੀ ਹੈ:

- ਕਵਰੇਜ ਲਈ ਅਰਜ਼ੀ ਦਾਇਰ ਕਰਨ ਦੀ ਤਾਰੀਖ ਅਤੇ ਲਾਗੂ ਸਰਵਿਸ (ਸੇਵਾ) ਫੀਸ ਦਾ ਭੁਗਤਾਨ ਕਰਨ ਤੋਂ ਬਾਅਦ ਦੀ ਤਾਰੀਖ; ਜਾਂ
- ਤਾਰੀਖ ਜਦੋਂ ਫਸਲ ਬੀਜੀ ਗਈ (ਬਿਜਾਈ ਦੀ ਅੰਤਿਮ ਤਾਰੀਖ ਤੋਂ ਵੱਧ ਨਹੀਂ ਹੋ ਸਕਦੀ)।

ਸਾਲਾਨਾ ਫਸਲ ਲਈ ਕਵਰੇਜ ਦੀ ਮਿਆਦ ਹੇਠ ਦਿੱਤਿਆਂ ਵਿਚੋਂ ਜਲਦੀ ਵਾਲੇ ਤੇ ਖਤਮ ਹੁੰਦੀ ਹੈ:

- ਫਸਲ ਦੀ ਕਟਾਈ ਪੂਰੀ ਹੋਣ ਦੀ ਤਾਰੀਖ;
- ਫਸਲ ਦੀ ਆਮ ਕਟਾਈ ਦੀ ਤਾਰੀਖ;
- ਤਾਰੀਖ ਜਦੋਂ ਫ਼ਸਲ ਨੂੰ ਤਿਆਗਿਆ ਗਿਆ; ਜਾਂ
- ਤਾਰੀਖ ਜਦੋਂ ਸਾਰੀ ਫਸਲ ਦਾ ਰਕਬਾ ਨਸ਼ਟ ਹੋ ਜਾਂਦਾ ਹੈ।

ਬਾਰਹਾਂਮਾਸੀ ਫਸਲ ਲਈ ਕਵਰੇਜ ਦੀ ਮਿਆਦ, ਚਾਰੇ ਲਈ ਲਗਾਈ ਗਈ ਫਸਲ ਤੋਂ ਇਲਾਵਾ, ਅਰਜ਼ੀ ਜਮ੍ਹਾਂ ਕਰਵਾਉਣ ਦੀ ਆਖਰੀ ਤਾਰੀਖ ਤੋਂ 30 ਕੈਲੰਡਰ ਦਿਨਾਂ ਵਿਚਕਾਰ ਪਰ ਇਸ ਤੋਂ ਬਾਅਦ ਨਹੀਂ ਸ਼ੁਰੂ ਹੁੰਦੀ ਹੈ ਅਤੇ ਹੇਠ ਦਿੱਤਿਆਂ ਵਿਚੋਂ ਜਲਦੀ ਵਾਲੇ ਤੇ ਖਤਮ ਹੁੰਦੀ ਹੈ:

- ਅਰਜ਼ੀ ਜਮ੍ਹਾਂ ਕਰਵਾਉਣ ਦੀ ਆਖਰੀ ਤਾਰੀਖ ਤੋਂ ਲੈਕੇ 10 ਮਹੀਨਿਆਂ ਤੱਕ;
- ਫਸਲ ਦੀ ਕਟਾਈ ਪੂਰੀ ਹੋਣ ਦੀ ਤਾਰੀਖ;
- ਫਸਲ ਦੀ ਆਮ ਕਟਾਈ ਦੀ ਤਾਰੀਖ;
- ਤਾਰੀਖ ਜਦੋਂ ਫ਼ਸਲ ਨੂੰ ਤਿਆਗਿਆ ਗਿਆ; ਜਾਂ
- ਤਾਰੀਖ ਜਦੋਂ ਸਾਰੀ ਫਸਲ ਦਾ ਰਕਬਾ ਨਸ਼ਟ ਹੋ ਜਾਂਦਾ ਹੈ।

ਬਾਰਹਾਂਮਾਸੀ ਚਾਰਾ ਫਸਲਾਂ, ਨਿਯੰਤਰਿਤ-ਵਾਤਾਵਰਣ ਦੀਆਂ ਫਸਲਾਂ, ਵਿਸ਼ੇਸ਼ਤਾਵਾਂ ਵਾਲੀਆਂ ਫਸਲਾਂ ਅਤੇ ਮੁੱਲ ਨੁਕਸਾਨ ਵਾਲੀਆਂ ਫਸਲਾਂ ਲਈ ਕਵਰੇਜ ਮਿਆਦ ਤੇ ਜਾਣਕਾਰੀ ਲਈ ਸਥਾਨਕ FSA ਦਫਤਰ ਨਾਲ ਸੰਪਰਕ ਕਰੋ।

## NAP ਲਈ ਯੋਗ ਰਹਿਣ ਲਈ ਲੋੜੀਂਦੀ ਜਾਣਕਾਰੀ

NAP ਸਹਾਇਤਾ ਦੇ ਯੋਗ ਬਣਨ ਲਈ, ਹੇਠ ਲਿਖੀਆਂ ਫਸਲਾਂ ਦੇ ਰਕਬੇ ਬਾਰੇ ਜਾਣਕਾਰੀ ਲਾਜ਼ਮੀ ਤੌਰ ਤੇ ਦਿੱਤੀ ਜਾਣੀ ਚਾਹੀਦੀ ਹੈ:

- ਫਸਲ ਦਾ ਨਾਂ (ਸਲਾਦ ਪੱਤਾ (ਲੈਟੂਸ), ਦੂਬ (ਕਲੋਵਰ), ਆਦਿ);
- ਕਿਸਮ ਅਤੇ ਕਿਸਮਾਂ (ਹੈਡ ਸਲਾਦ, ਲਾਲ ਦੂਬ, ਆਦਿ);
- ਫਸਲਾਂ ਦਾ ਸਥਾਨ ਅਤੇ ਰਕਬਾ (ਖੇਤ, ਉਪ-ਖੇਤ, ਆਦਿ);
- ਫਸਲ ਵਿੱਚ ਹਿੱਤ ਦੇ ਨਾਲ ਫਸਲ ਦਾ ਹਿੱਸਾ ਅਤੇ ਹੋਰ ਉਤਪਾਦਕਾਂ ਦੇ ਨਾਂ;
  ਫਸਲ ਉਗਾਉਣ ਲਈ ਵਰਤੇ ਜਾਂਦੇ ਅਭਿਆਸ ਦੀ ਕਿਸਮ (ਸਿੰਚਾਈ ਵਾਲੀ ਜਾਂ ਗੈਰ ਸਿੰਚਾਈ ਵਾਲੀ);
- ਉਹ ਤਾਰੀਖ ਜਦੋਂ ਫਸਲ ਹਰ ਖੇਤ ਵਿੱਚ ਲਗਾਈ ਗਈ ਸੀ; ਅਤੇ
- ਜਿੰਸ ਦੀ ਇੱਛਤ ਵਰਤੋਂ (ਤਾਜ਼ਾ, ਪ੍ਰੋਸੈਸਡ, ਆਦਿ)।

ਉਤਪਾਦਕਾਂ ਨੂੰ ਲਾਜ਼ਮੀ ਤੌਰ 'ਤੇ ਬਿਜਾਈ ਦੇ ਤੁਰੰਤ ਬਾਅਦ (ਜੋਖਮ ਦੀ ਮਿਆਦ ਦੇ ਸ਼ੁਰੂ ਵਿੱਚ) ਫਸਲਾਂ ਦੇ ਰਕਬੇ ਬਾਰੇ ਦੱਸਣਾ ਲਾਜ਼ਮੀ ਹੁੰਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਰਿਪੋਰਟ ਕਰਨ ਦੀ ਆਖਰੀ ਤਾਰੀਖ ਖੁੰਝੀ ਨਹੀਂ ਹੈ ਅਤੇ ਕਵਰੇਜ ਦਾ ਨੁਕਸਾਨ ਨਹੀਂ ਹੋਇਆ ਹੈ। ਇਸ ਤੋਂ ਇਲਾਵਾ, NAP ਕਵਰੇਜ ਵਾਲੇ ਉਤਪਾਦਕਾਂ ਨੂੰ ਹੇਠ ਲਿਖੀਆਂ ਉਤਪਾਦਾਂ ਦੀ ਜਾਣਕਾਰੀ ਲਾਜ਼ਮੀ ਤੌਰ ਤੇ ਪ੍ਰਦਾਨ ਕਰਨੀ ਚਾਹੀਦੀ ਹੈ:

- ਫਸਲਾਂ ਦੇ ਕਟਾਈ ਦੇ ਸਾਰੇ ਉਤਪਾਦਾਂ ਦੀ ਮਾਤਰਾ ਜਿਸ ਵਿੱਚ ਉਤਪਾਦਕ ਦਾ ਫਸਲੀ ਸਾਲ ਦੌਰਾਨ ਹਿੱਤ ਸੀ;
- ਕਟਾਈ ਵਾਲੀ ਫਸਲ ਦੀ ਪ੍ਰਕਿਰਤੀ, ਜਿਵੇਂ ਕਿ ਇਹ ਮੰਡੀਕਰਨ ਯੋਗ, ਮੰਡੀਕਰਨ ਯੋਗ ਨਹੀਂ, ਨੁਕਸਾਨ ਤੋਂ ਬਚਾਈ ਗਈ ਜਾਂ ਇੱਛਤ ਵਰਤੋਂ ਨਾਲੋਂ ਵੱਖਰੇ ਤੌਰ ਤੇ ਵਰਤੀ ਜਾਂਦੀ ਹੈ; ਅਤੇ
- ਤਸਦੀਕ ਯੋਗ ਜਾਂ ਭਰੋਸੇਮੰਦ ਫਸਲਾਂ ਦੇ ਉਤਪਾਦਨ ਦੇ ਰਿਕਾਰਡ (ਜਦੋਂ FSA ਦੁਆਰਾ ਲੋੜੀਂਦੇ ਹੋਣ)।

ਜਦੋਂ ਉਨ੍ਹਾਂ ਰਿਕਾਰਡਾਂ ਦੀ ਜ਼ਰੂਰਤ ਹੁੰਦੀ ਹੈ, ਤਾਂ ਉਤਪਾਦਕਾਂ ਨੂੰ ਉਨ੍ਹਾਂ ਨੂੰ ਇੱਕ ਅਜਿਹੇ ਢੰਗ ਨਾਲ ਪ੍ਰਦਾਨ ਕਰਨਾ ਚਾਹੀਦਾ ਹੈ ਜੋ FSA ਕਾਉਂਟੀ ਕਮੇਟੀ ਦੁਆਰਾ ਅਸਾਨੀ ਨਾਲ ਸਮਝੇ ਜਾ ਸਕਣ। ਉਤਪਾਦਕਾਂ ਨੂੰ FSA ਦਫਤਰ ਨਾਲ ਸੰਪਰਕ ਕਰਨਾ ਚਾਹੀਦਾ ਹੈ ਜਿਥੇ ਉਨ੍ਹਾਂ ਦੇ ਫਾਰਮ ਦੇ ਰਿਕਾਰਡ ਸਵੀਕਾਰਯੋਗ ਉਤਪਾਦਨ ਰਿਕਾਰਡਾਂ ਦੇ ਸਵਾਲਾਂ ਲਈ ਰੱਖੇ ਜਾਂਦੇ ਹਨ।

NAP- ਨਾਲ ਕਵਰ ਕੀਤੀਆਂ ਫਸਲਾਂ ਦੇ ਰਕਬੇ ਅਤੇ ਉਤਪਾਦਨ ਬਾਰੇ ਜਾਣਕਾਰੀ ਦੇਣ ਵਿੱਚ ਅਸਫਲ ਹੋਣ ਦੇ ਨਤੀਜੇ ਵਜੋਂ NAP ਸਹਾਇਤਾ ਘਟਾਈ ਜਾ ਸਕਦੀ ਹੈ ਜਾਂ ਜ਼ੀਰੋ ਹੋ ਸਕਦੀ ਹੈ। ਧਿਆਨ ਰੱਖੋ ਕਿ ਰਕਬੇ ਦੀ ਰਿਪੋਰਟਿੰਗ ਅਤੇ ਬਿਜਾਈ ਦੀਆਂ ਅੰਤਿਮ ਤਾਰੀਖਾਂ ਫਸਲਾਂ ਅਤੇ ਖੇਤਰਾਂ ਅਨੁਸਾਰ ਵੱਖਰੀਆਂ ਹਨ।

ਉਤਪਾਦਕਾਂ ਨੂੰ FSA ਦਫਤਰ ਨਾਲ ਸੰਪਰਕ ਕਰਨਾ ਚਾਹੀਦਾ ਹੈ ਜਿਥੇ ਉਨ੍ਹਾਂ ਦੇ ਫਾਰਮ ਦੇ ਰਿਕਾਰਡ ਸਥਾਨਕ ਰਕਬੇ ਦੀ ਰਿਪੋਰਟਿੰਗ ਅਤੇ ਬਿਜਾਈ ਦੀਆਂ ਅੰਤਿਮ ਤਾਰੀਖਾਂ ਸਬੰਧੀ ਸਵਾਲਾਂ ਲਈ ਰੱਖੇ ਜਾਂਦੇ ਹਨ।

ਜਲ ਜੀਵ ਪਾਲਣ, ਫੁੱਲਾਂ ਦੀ ਖੇਤੀ ਅਤੇ ਸਜਾਵਟੀ ਨਰਸਰੀ ਦੇ ਕਾਰਜਾਂ ਲਈ, ਉਤਪਾਦਕਾਂ ਨੂੰ ਰੋਜ਼ਾਨਾ ਦੀਆਂ ਫਸਲਾਂ ਦੀਆਂ ਵਸਤੂਆਂ ਦੀਆਂ ਸੂਚੀਆਂ ਸਮੇਤ ਉਦਯੋਗ ਦੇ ਮਾਪਦੰਡਾਂ ਅਨੁਸਾਰ ਰਿਕਾਰਡ ਬਣਾਉਣਾ ਲਾਜ਼ਮੀ ਹੈ। ਮਧੂਮੱਖੀ ਪਾਲਕਾਂ ਅਤੇ ਕ੍ਰਿਸਮਿਸ ਦੇ ਦਰੱਖ਼ਤ, ਟੱਰਫ਼-ਗ੍ਰਾਸ ਸੋਡ, ਮੈਪਲ ਰਸ, ਮਸ਼ਰੂਮ, ਜਿਨਸੈਂਗ ਅਤੇ ਵਪਾਰਕ ਬੀਜਾਂ ਜਾਂ ਚਾਰੇ ਵਾਲੀਆਂ ਫਸਲਾਂ ਦੇ ਉਤਪਾਦਕਾਂ 'ਤੇ ਰਿਪੋਰਟਿੰਗ ਦੀਆਂ ਵਿਲੱਖਣ ਜ਼ਰੂਰਤਾਂ ਲਾਗੂ ਹੁੰਦੀਆਂ ਹਨ। ਉਤਪਾਦਕਾਂ ਨੂੰ FSA ਦਫਤਰ ਨਾਲ ਸੰਪਰਕ ਕਰਨਾ ਚਾਹੀਦਾ ਹੈ ਜਿੱਥੇ ਉਨ੍ਹਾਂ ਦੇ ਫਾਰਮ ਦੇ ਰਿਕਾਰਡ ਇਨ੍ਹਾਂ ਲੋੜਾਂ ਦੇ ਸਬੰਧ ਵਿੱਚ ਰੱਖੇ ਜਾਂਦੇ ਹਨ।

## ਰਕਬਾ ਅਤੇ ਉਤਪਾਦਨ ਦੀ ਰਿਪੋਰਟ

FSA ਅਰਜ਼ੀ ਦੁਆਰਾ ਕਵਰ ਕੀਤੇ ਗਏ ਖੇਤਰ ਦੇ ਸਥਾਨ ਅਤੇ ਸੰਖਿਆ ਨੂੰ ਰਿਕਾਰਡ ਕਰਨ ਲਈ ਰਕਬੇ ਦੀ ਰਿਪੋਰਟਾਂ ਦੀ ਵਰਤੋਂ ਕਰਦਾ ਹੈ। ਰਕਬੇ ਅਤੇ ਉਤਪਾਦਨ ਦੀਆਂ ਰਿਪੋਰਟਾਂ ਦੀ ਵਰਤੋਂ ਪ੍ਰਵਾਨਿਤ ਉਪਜ (ਇੱਕ ਫਸਲੀ ਸਾਲ ਲਈ ਅਨੁਮਾਨਤ ਉਤਪਾਦਨ) ਦੀ ਗਣਨਾ ਕਰਨ ਲਈ ਕੀਤੀ ਜਾਂਦੀ ਹੈ। ਪ੍ਰਵਾਨਿਤ ਉਪਜ ਕਿਸੇ ਉਤਪਾਦਕ ਦੀ ਘੱਟੋ-ਘੱਟ 4 ਤੋਂ ਲੈਕੇ ਵੱਧ ਤੋਂ ਵੱਧ 10 ਫਸਲੀ ਸਾਲਾਂ (ਸੇਬ ਅਤੇ ਆੜੂ ਲਈ 5 ਸਾਲ) ਲਈ ਅਸਲ ਉਤਪਾਦਨ ਇਤਿਹਾਸ (APH) ਦਾ ਔਸਤ ਹੈ। APH ਦੀ ਗਣਨਾ ਕਰਨ ਲਈ, FSA ਉਤਪਾਦਕ ਦੇ ਕੁੱਲ ਉਤਪਾਦਨ ਨੂੰ ਉਤਪਾਦਕ ਦੇ ਫਸਲ ਦੇ ਰਕਬੇ ਨਾਲ ਭਾਗ ਕਰਦਾ ਹੈ। ਕਿਸੇ ਉਤਪਾਦਕ ਦੀ ਪ੍ਰਵਾਨਿਤ ਉਪਜ ਦੀ ਗਣਨਾ ਕਾਫ਼ੀ ਹੱਦ ਤੱਕ ਘੱਟ ਕੀਤੇ ਉਪਜ ਦੇ ਅੰਕੜਿਆਂ ਦੀ ਵਰਤੋਂ ਨਾਲ ਕੀਤੀ ਜਾ ਸਕਦੀ ਹੈ, ਜੇ ਉਤਪਾਦਕ NAP ਕਵਰੇਜ ਵਾਲੀ ਫਸਲ ਲਈ ਉਤਪਾਦਨ ਦੀ ਰਿਪੋਰਟ ਨਹੀਂ ਕਰਦਾ ਜਾਂ 4 ਸਾਲਾਂ ਤੋਂ ਘੱਟ ਦੇ ਫਸਲ ਉਤਪਾਦਨ ਦੀ ਰਿਪੋਰਟ ਕਰਦਾ ਹੈ।

## ਨੁਕਸਾਨ ਦੀ ਸੂਚਨਾ ਅਤੇ ਭੁਗਤਾਨ ਲਈ ਅਰਜ਼ੀ ਪ੍ਰਦਾਨ ਕਰਨਾ

ਜਦੋਂ ਕੋਈ ਫਸਲ ਜਾਂ ਬਿਜਾਈ ਕੁਦਰਤੀ ਤਬਾਹੀ ਨਾਲ ਪ੍ਰਭਾਵਿਤ ਹੁੰਦੀ ਹੈ, ਤਾਂ NAP ਕਵਰੇਜ ਵਾਲੇ ਉਤਪਾਦਕਾਂ ਨੂੰ FSA ਦਫ਼ਤਰ ਨੂੰ ਜ਼ਰੂਰ ਸੂਚਿਤ ਕਰਨਾ ਚਾਹੀਦਾ ਹੈ ਜਿੱਥੇ ਉਨ੍ਹਾਂ ਦੇ ਫਾਰਮ ਦੇ ਰਿਕਾਰਡ ਰੱਖੇ ਜਾਂਦੇ ਹਨ ਅਤੇ CCC-576 ਫਾਰਮ, "ਨੁਕਸਾਨ ਦੀ ਸੂਚਨਾ ਅਤੇ ਭੁਗਤਾਨ ਲਈ ਅਰਜ਼ੀ" ਦੇ ਭਾਗ B ਨੂੰ ਪੂਰਾ ਕਰਨਾ ਚਾਹੀਦਾ ਹੈ। ਇਹ ਹੇਠ ਦਿੱਤਿਆਂ ਵਿਚੋਂ ਸਭ ਤੋਂ ਪਹਿਲਾਂ ਵਾਪਰਨ ਵਾਲੇ ਦੇ 15 ਕੈਲੰਡਰ ਦਿਨਾਂ ਦੇ ਅੰਦਰ ਪੂਰਾ ਹੋਣਾ ਲਾਜ਼ਮੀ ਹੈ:

- ਕੁਦਰਤੀ ਤਬਾਹੀ ਦੀ ਕੋਈ ਘਟਨਾ;
- ਬਿਜਾਈ ਦੀ ਅੰਤਿਮ ਤਾਰੀਖ ਜੇ ਬਿਜਾਈ ਕਿਸੇ ਕੁਦਰਤੀ ਤਬਾਹੀ ਦੁਆਰਾ ਰੋਕੀ ਜਾਂਦੀ ਹੈ;
- ਉਹ ਤਾਰੀਖ ਜਦੋਂ ਫਸਲ ਨੂੰ ਨੁਕਸਾਨ ਜਾਂ ਉਤਪਾਦਨ ਨੂੰ ਨੁਕਸਾਨ ਸਪੱਸ਼ਟ ਦਿਖਣਾ ਸ਼ੁਰੂ ਹੋ ਜਾਂਦਾ ਹੈ; ਜਾਂ
- ਆਮ ਕਟਾਈ ਦੀ ਤਾਰੀਖ।

ਉਤਪਾਦਕਾਂ ਨੂੰ ਹੱਥ ਨਾਲ ਕਟਾਈ ਕੀਤੀਆਂ ਜਾਣ ਵਾਲੀਆਂ ਫਸਲਾਂ ਅਤੇ ਕੁਝ ਨਸ਼ਟ ਹੋ ਜਾਣ ਵਾਲੀਆਂ ਫਸਲਾਂ ਦੇ ਨੁਕਸਾਨ ਸਪੱਸ਼ਟ ਤੌਰ ਤੇ ਦਿਖਾਈ ਦੇਣ ਦੇ 72 ਘੰਟਿਆਂ ਦੇ ਅੰਦਰ-ਅੰਦਰ FSA ਨੂੰ ਸੂਚਿਤ ਕਰਨਾ ਚਾਹੀਦਾ ਹੈ। ਇਸ ਜ਼ਰੂਰਤ ਦੇ ਅਧੀਨ ਫਸਲਾਂ ਨੂੰ NAP ਦੇ ਬੁਨਿਆਦੀ ਪ੍ਰਬੰਧਾਂ ਵਿੱਚ ਸੂਚੀਬੱਧ ਕੀਤਾ ਜਾਵੇਗਾ।

NAP ਦੇ ਲਾਭ ਪ੍ਰਾਪਤ ਕਰਨ ਲਈ, ਉਤਪਾਦਕਾਂ ਨੂੰ CCC-576 ਫਾਰਮ, "ਨੁਕਸਾਨ ਦੀ ਸੂਚਨਾ ਅਤੇ ਭੁਗਤਾਨ ਲਈ ਅਰਜ਼ੀ," ਦੇ ਭਾਗ D, E, F ਅਤੇ G, ਜਿਵੇਂ ਲਾਗੂ ਹੋਵੇ, ਨੂੰ ਯੂਨਿਟ ਵਿੱਚ ਕਿਸੇ ਵੀ NAP ਕਵਰ ਕੀਤੀ ਫਸਲ ਲਈ ਫਸਲੀ ਸਾਲ ਹੇਤ ਕਵਰੇਜ ਦੇ ਆਖਰੀ ਦਿਨ ਦੇ 60 ਦਿਨਾਂ ਦੇ ਅੰਦਰ-ਅੰਦਰ ਲਾਜ਼ਮੀ ਤੌਰ ਤੇ ਪੂਰਾ ਕਰਨਾ ਚਾਹੀਦਾ ਹੈ। CCC-576 ਲਈ ਸਵੀਕਾਰਯੋਗ ਮੁਲਾਂਕਣ ਜਾਣਕਾਰੀ ਲੋੜੀਂਦੀ ਹੈ।

ਉਤਪਾਦਕਾਂ ਨੂੰ ਲਾਜ਼ਮੀ ਤੌਰ 'ਤੇ ਉਤਪਾਦਨ ਦਾ ਸਬੂਤ ਅਤੇ ਇੱਕ ਲਿਖਤੀ ਨੋਟ ਦੇਣਾ ਚਾਹੀਦਾ ਹੈ ਕਿ ਕੀ ਫਸਲ ਮੰਡੀਕਰਨ ਯੋਗ ਸੀ, ਮੰਡੀਕਰਨ ਯੋਗ ਨਹੀਂ ਸੀ, ਬਟਾਈ ਗਈ ਸੀ ਜਾਂ ਇੱਛਾ ਨਾਲੋਂ ਵੱਖ ਉਦੇਸ਼ ਲਈ ਵਰਤੀ ਗਈ ਸੀ।

## ਕਿਸੇ NAP ਯੂਨਿਟ ਨੂੰ ਪਰਿਭਾਸ਼ਿਤ ਕਰਨਾ

NAP ਯੂਨਿਟ ਵਿੱਚ ਕਾਉਂਟੀ ਦੀਆਂ ਸਾਰੀਆਂ ਯੋਗ ਫਸਲਾਂ ਦੇ ਰਕਬੇ ਨੂੰ ਸ਼ਾਮਲ ਕੀਤਾ ਜਾਂਦਾ ਹੈ ਜਿੱਥੇ ਉਤਪਾਦਕ ਦਾ ਵਿਲੱਖਣ ਫਸਲੀ ਹਿੱਤ ਹੁੰਦਾ ਹੈ। ਵਿਲੱਖਣ ਫਸਲੀ ਹਿੱਤ ਹੇਠ ਦਿੱਤੇ ਅਨੁਸਾਰ ਹੁੰਦਾ ਹੈ:

- 100 ਪ੍ਰਤੀਸ਼ਤ ਹਿੱਤ; ਜਾਂ
- ਕਿਸੇ ਹੋਰ ਉਤਪਾਦਕ ਨਾਲ ਸਾਂਝਾ ਹਿੱਤ।

## ਭੁਗਤਾਨ ਦੀ ਗਣਨਾ ਕਰਨ ਲਈ FSA ਦੁਆਰਾ ਵਰਤੀ ਜਾਂਦੀ ਜਾਣਕਾਰੀ

NAP ਭੁਗਤਾਨ ਦੀ ਗਣਨਾ ਯੂਨਿਟ ਦੁਆਰਾ ਹੇਠਾਂ ਦਿੱਤੀ ਦੀ ਵਰਤੋਂ ਕਰਕੇ ਕੀਤੀ ਜਾਂਦੀ ਹੈ:

- ਫਸਲੀ ਰਕਬਾ;
- ਪ੍ਰਵਾਨਿਤ ਉਪਜ;
- ਸ਼ੁੱਧ ਉਤਪਾਦਨ;
- ਉਤਪਾਦਕ ਦੁਆਰਾ ਚੁਣਿਆ ਗਿਆ ਕਵਰੇਜ ਦਾ ਪੱਧਰ;
- FSA ਸਟੇਟ ਕਮੇਟੀ ਦੁਆਰਾ ਸਥਾਪਤ ਕੀਤੀ ਗਈ ਜਿੰਸ ਲਈ ਔਸਤ ਬਜ਼ਾਰ ਮੁੱਲ; ਅਤੇ
- ਇੱਕ ਭੁਗਤਾਨ ਦਾ ਕਾਰਕ, ਜੋ ਕਿਸੇ ਫਸਲ ਦੇ ਉਤਪਾਦਨ ਚੱਕਰ ਵਿੱਚ ਖਰਚ ਕੀਤੀ ਗਈ ਘਟੀ ਹੋਈ ਲਾਗਤ ਨੂੰ ਦਰਸਾਉਂਦਾ ਹੈ ਜਿਸ ਦੀ ਕਟਾਈ ਨਹੀਂ ਕੀਤੀ ਗਈ ਜਾਂ ਬੀਜਣ ਤੋਂ ਰੋਕਿਆ ਗਿਆ ਹੈ।

ਵਧੀਕ ਕਵਰੇਜ ਦੇ ਨਾਲ ਮੁੱਲ ਨੁਕਸਾਨ ਵਾਲੀਆਂ ਫਸਲਾਂ ਲਈ, ਭੁਗਤਾਨ ਦੀ ਗਣਨਾ ਤਬਾਹੀ ਤੋਂ ਪਹਿਲਾਂ ਫਸਲ ਦੀ ਖੇਤਰ ਬਜ਼ਾਰ ਮੁੱਲ ਜਾਂ ਵੱਧ ਤੋਂ ਵੱਧ ਡਾਲਰ ਮੁੱਲ ਜਿਸ ਲਈ ਉਤਪਾਦਕ ਨੇ ਅਰਜ਼ੀ ਦੇਣ ਦੇ ਸਮੇਂ ਕਵਰੇਜ ਲਈ ਬੇਨਤੀ ਕੀਤੀ ਸੀ, ਜੋ ਵੀ ਘੱਟ ਹੋਵੇ, ਦੀ ਵਰਤੋਂ ਕਰਕੇ ਕੀਤੀ ਜਾਵੇਗੀ।

## ਹੋਰ ਜਾਣਕਾਰੀ ਲਈ

ਇਹ ਤੱਥ ਪੱਤਰ ਸਿਰਫ਼ ਜਾਣਕਾਰੀ ਦੇ ਉਦੇਸ਼ਾਂ ਲਈ ਹੈ; ਹੋਰ ਯੋਗਤਾ ਸ਼ਰਤਾਂ ਜਾਂ ਪਾਬੰਦੀਆਂ ਲਾਗੂ ਹੋ ਸਕਦੀਆਂ ਹਨ। FSA ਤਬਾਹੀ ਸਹਾਇਤਾ ਪ੍ਰੋਗਰਾਮਾਂ ਬਾਰੇ ਵਧੇਰੇ ਜਾਣਕਾਰੀ ਲਈ **farmers.gov** 'ਤੇ ਜਾਓ ਜਾਂ ਆਪਣੇ ਸਥਾਨਕ FSA ਦਫ਼ਤਰ ਨਾਲ ਸੰਪਰਕ ਕਰੋ। ਆਪਣੇ ਸਥਾਨਕ FSA ਦਫਤਰ ਦਾ ਪਤਾ ਲਗਾਉਣ ਲਈ, **farmers.gov/ service-center-locator** ਤੇ ਜਾਓ।

USDA ਇੱਕ ਬਰਾਬਰ ਅਵਸਰ ਪ੍ਰਦਾਨ ਕਰਨ ਵਾਲਾ, ਰੁਜ਼ਗਾਰਦਾਤਾ ਅਤੇ ਕਰਜ਼ਾ ਪ੍ਰਦਾਤਾ ਹੈ।